Seattle Office of Labor Standards

# Domestic Workers Ordinance

## 2023 ਦੇ ਅਧਿਕਾਰਾਂ ਅਤੇ ਤਨਖਾਹ ਸਬੰਧੀ ਜਾਣਕਾਰੀ ਦਾ ਮਾਡਲ ਨੋਟਿਸ

ਉਹ ਲੋਕ ਜੋ Domestic Workers Ordinance (ਘਰੇਲੂ ਕਰਮਚਾਰੀ ਆਰਡੀਨੈਂਸ) ਦੇ ਤਹਿਤ ਘਰੇਲੂ ਕਰਮਚਾਰੀ ਦੀਆਂ ਸੇਵਾਵਾਂ ਲਈ ਲੋਕਾਂ ਨੂੰ ਕੰਮ 'ਤੇ ਰੱਖਦੇ ਹਨ ਜਾਂ ਉਹਨਾਂ ਨੂੰ ਤਨਖਾਹ ਦਿੰਦੇ ਹਨ, ਉਹਨਾਂ ਨੂੰ ਇਹ ਮਾਡਲ ਨੋਟਿਸ ਆਪਣੇ ਕਰਮਚਾਰੀ ਨੂੰ ਉਸ ਭਾਸ਼ਾ ਵਿੱਚ ਦੇਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ, ਜਿਸ ਦੀ ਵਰਤੋਂ ਕਰਨ ਵਿੱਚ ਕਰਮਚਾਰੀ ਸਭ ਤੋਂ ਵੱਧ ਸਹਿਜ ਮਹਿਸੂਸ ਕਰਦਾ ਹੈ। ਇਹ ਨੋਟਿਸ ਕੋਈ ਕਾਨੂੰਨੀ ਸਲਾਹ ਨਹੀਂ ਹੈ ਅਤੇ ਇਹ Seattle ਸ਼ਹਿਰ ਨਾਲ ਕੋਈ ਇਕਰਾਰਨਾਮਾ ਨਹੀਂ ਕਾਇਮ ਕਰਦਾ ਹੈ।

ਨੋਟਿਸ ਦੀ ਮਿਤੀ ____/____/________ ਕਰਮਚਾਰੀ ਦਾ ਨਾਮ ____________________

ਭਰਤੀ ਕਰਨ ਵਾਲੀ ਸੰਸਥਾ ਦਾ ਨਾਮ ____________________ ਭਰਤੀ ਕਰਨ ਵਾਲੀ ਸੰਸਥਾ ਦਾ ਫ਼ੋਨ ਜਾਂ ਈਮੇਲ ____________________

ਭਰਤੀ ਕਰਨ ਵਾਲੀ ਸੰਸਥਾ ਦਾ ਪਤਾ ____________________

## ਨਿਊਨਤਮ ਤਨਖਾਹ ਦਾ ਅਧਿਕਾਰ

ਤੁਹਾਨੂੰ Seattle ਦੇ ਨਿਯਮਾਂ ਅਨੁਸਾਰ ਨਿਊਨਤਮ ਤਨਖਾਹ ਕਮਾਉਣ ਦਾ ਅਧਿਕਾਰ ਹੈ। ਤੁਹਾਡੀ ਪ੍ਰਤੀ ਘੰਟਾ ਤਨਖਾਹ ਹੈ: $__________/ਘੰਟਾ।

ਤੁਹਾਨੂੰ ਇਸ ਦਿਨ ਤਨਖਾਹ ਮਿਲੇਗੀ: ____________________
(ਉਦਾਹਰਣ: ਹਰੇਕ ਕੰਮਕਾਜੀ ਦਿਨ ਦੇ ਅੰਤ 'ਤੇ, ਹਰ ਸ਼ੁੱਕਰਵਾਰ ਨੂੰ, ਹਰ 2 ਹਫ਼ਤੇ ਬਾਅਦ, ਮੰਗਲਵਾਰ ਨੂੰ, ਆਦਿ।)

### ਓਵਰਟਾਈਮ ਲਈ ਯੋਗਤਾ: ਜੋ ਲਾਗੂ ਹੁੰਦਾ ਹੈ ਉਸਦੀ ਚੋਣ ਕਰੋ

☐ ਤੁਸੀਂ ਓਵਰਟਾਈਮ ਦੇ ਲਈ ਯੋਗ ਨਹੀਂ ਹੋ।

☒ ਤੁਸੀਂ "ਓਵਰਟਾਈਮ ਲਈ ਯੋਗ" ਕਰਮਚਾਰੀ ਹੋ, ਇਸਦਾ ਮਤਲਬ ਹੈ ਕਿ ਇੱਕ ਹਫ਼ਤੇ ਵਿੱਚ 40 ਘੰਟਿਆਂ ਤੋਂ ਉੱਤੇ ਤੁਸੀਂ ਜਿੰਨੇ ਘੰਟੇ ਕੰਮ ਕੀਤਾ ਹੋਵੇਗਾ, ਉਹਨਾਂ ਘੰਟਿਆਂ ਲਈ ਤੁਹਾਨੂੰ ਆਪਣੇ ਨਿਯਮਤ ਤਨਖਾਹ ਰੇਟ ਤੋਂ 1.5 ਗੁਣਾ ਵੱਧ ਤਨਖਾਹ ਮਿਲੇਗੀ।

| 2023 ਪ੍ਰਤੀ ਘੰਟਾ ਨਿਊਨਤਮ ਤਨਖਾਹ | ਨਿਊਨਤਮ ਤਨਖਾਹ | ਜੇਕਰ ਕਰਮਚਾਰੀ ਨੂੰ $2.19/ਘੰਟਾ ਟਿੱਪ** ਜਾਂ ਰੁਜ਼ਗਾਰਦਾਤਾ ਵੱਲੋਂ ਪ੍ਰਦਾਨ ਕੀਤੇ ਡਾਕਟਰੀ ਲਾਭ ਮਿਲਦੇ ਹਨ |
|---|---|---|
| ਭਰਤੀ ਕਰਨ ਵਾਲੀਆਂ ਜ਼ਿਆਦਾਤਰ ਸੰਸਥਾਵਾਂ | $18.69/ਘੰਟਾ | $16.50/ਘੰਟਾ |
| 501+ ਕਰਮਚਾਰੀਆਂ ਵਾਲਾ ਰੁਜ਼ਗਾਰਦਾਤਾ | $18.69/ਘੰਟਾ | |

** ਜੇਕਰ ਤੁਸੀਂ ਇੱਕ ਕਰਮਚਾਰੀ ਹੋ, ਤਾਂ ਤੁਹਾਡੇ ਰੁਜ਼ਗਾਰਦਾਤਾ ਨੂੰ ਆਪਣੀ ਟਿੱਪ ਨੀਤੀ ਬਾਰੇ ਤੁਹਾਨੂੰ ਜਾਣਕਾਰੀ ਦੇਣੀ ਪਵੇਗੀ।

ਜੇ ਨੱਥੀ ਕੀਤਾ ਗਿਆ ਹੈ, ਤਾਂ ਸਹੀ ਦਾ ਨਿਸ਼ਾਨ ਲਗਾਓ ☐

## ਆਰਾਮ ਕਰਨ ਲਈ ਬਰੇਕ ਲੈਣ ਦਾ ਅਧਿਕਾਰ

ਜਿਸ ਸੰਸਥਾ ਲਈ ਤੁਸੀਂ ਕੰਮ ਕਰਦੇ ਹੋ, ਉੱਥੇ ਹਰ ਚਾਰ ਘੰਟਿਆਂ ਲਈ ਕੰਮ ਕਰਨ 'ਤੇ ਤੁਸੀਂ ਕੰਮ ਦੇ ਤੀਜੇ ਘੰਟੇ ਦੇ ਅੰਤ ਵਿੱਚ, 10-ਮਿੰਟ ਦੀ ਇੱਕ ਨਿਰਵਿਘਨ ਤਨਖਾਹ-ਸਹਿਤ ਬਰੇਕ ਲੈਣ ਦੇ ਹੱਕਦਾਰ ਹੁੰਦੇ ਹੋ।

### ਆਰਾਮ ਕਰਨ ਲਈ ਬਰੇਕ: ਜੋ ਲਾਗੂ ਹੁੰਦਾ ਹੈ ਉਸਦੀ ਚੋਣ ਕਰੋ

ਤੁਸੀਂ ਆਰਾਮ ਕਰਨ ਲਈ ਤਨਖਾਹ-ਸਹਿਤ, ਨਿਰਵਿਘਨ ਬਰੇਕ ਲੈ ਸਕੋਗੇ।

ਕਾਰਜ ਸਥਾਨ 'ਤੇ ਮੌਜੂਦ ਹੋਣ ਦੌਰਾਨ ਤੁਸੀਂ ਆਰਾਮ ਕਰਨ ਲਈ ਬਰੇਕ ਲੈ ਸਕੋਗੇ ਅਤੇ ਬੁਲਾਏ ਜਾਣ 'ਤੇ ਤੁਹਾਨੂੰ ਕੰਮ 'ਤੇ ਵਾਪਸ ਆਉਣਾ ਪਵੇਗਾ। ਜੇ ਤੁਸੀਂ ਕਿਸੇ ਵਿਅਕਤੀ ਦੀ ਸਿਹਤ ਅਤੇ ਸੁਰੱਖਿਆ ਲਈ ਜ਼ਿੰਮੇਵਾਰ ਹੋ, ਤਾਂ ਹੋ ਸਕਦਾ ਹੈ ਕਿ ਆਪਣੀ ਡਿਊਟੀ ਨਿਭਾਉਣ ਲਈ ਤੁਸੀਂ ਬਰੇਕ ਨਾ ਲੈ ਸਕੋ। ਅਜਿਹੀ ਸਥਿਤੀ ਵਿੱਚ, ਤੁਹਾਨੂੰ 10 ਮਿੰਟਾਂ ਦੀ ਵਾਧੂ ਤਨਖਾਹ ਮਿਲੇਗੀ ਜਾਂ ਹਰ ਵਾਰ ਆਰਾਮ ਬਰੇਕ ਛੁੱਟ ਜਾਣ 'ਤੇ ਉਸਦੇ ਲਈ $__________ ਦਾ ਭੁਗਤਾਨ ਕੀਤਾ ਜਾਵੇਗਾ।

ਤੁਹਾਡੀਆਂ ਡਿਊਟੀਆਂ ਦੇ ਕਾਰਨ, ਤੁਹਾਡੇ ਅਧੀਨ ਕੰਮ ਕਰਨ ਵਾਲੇ ਲੋਕਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਖਤਰੇ ਵਿੱਚ ਪਾਏ ਬਿਨਾਂ ਤੁਹਾਡੇ ਲਈ ਨਿਰਵਿਘਨ ਆਰਾਮ ਬਰੇਕ ਲੈਣਾ ਔਖਾ ਜਾਂ ਅਸੰਭਵ ਹੈ। ਇਸ ਸਥਿਤੀ ਵਿੱਚ ਤੁਹਾਨੂੰ 10 ਮਿੰਟਾਂ ਦੀ ਵਾਧੂ ਤਨਖਾਹ ਮਿਲੇਗੀ ਜਾਂ ਹਰ ਚਾਰ ਘੰਟੇ ਕੰਮ ਕਰਨ ਦੇ $__________ ਮਿਲਣਗੇ।

### ਆਰਾਮ ਬਰੇਕ ਦੀਆਂ ਸ਼ਰਤਾਂ:

- ਇਸ ਬਰੇਕ ਵਿੱਚ ਤੁਹਾਨੂੰ ਆਰਾਮ ਅਤੇ ਆਪਣੀ ਇੱਛਾ ਅਨੁਸਾਰ ਆਪਣਾ ਸਮਾਂ ਬਿਤਾਉਣ ਦੀ ਸਹੂਲਤ ਮਿਲਣੀ ਚਾਹੀਦੀ ਹੈ।
- ਤੁਹਾਨੂੰ ਕਾਰਜ ਸਥਾਨ 'ਤੇ ਮੌਜੂਦ ਰਹਿਣ ਲਈ ਅਤੇ ਬੁਲਾਏ ਜਾਣ 'ਤੇ ਕੰਮ 'ਤੇ ਵਾਪਸ ਆਉਣ ਲਈ ਕਿਹਾ ਜਾ ਸਕਦਾ ਹੈ, ਪਰ ਇਸ ਤੋਂ ਇਲਾਵਾ ਤੁਸੀਂ ਕੰਮ ਦੀਆਂ ਡਿਊਟੀਆਂ ਤੋਂ ਮੁਕਤ ਰਹੋਗੇ।
- ਜੇ ਤੁਹਾਡੀ ਬਰੇਕ ਵਿੱਚ ਤੁਹਾਡੇ ਰੁਜ਼ਗਾਰਦਾਤਾ ਜਾਂ ਕਿਸੇ ਕੰਮ ਕਾਰਨ ਵਿਘਨ ਪੈ ਜਾਂਦਾ ਹੈ, ਤਾਂ ਫਿਰ ਤੁਸੀਂ ਦੁਬਾਰਾ ਲਗਾਤਾਰ 10-ਮਿੰਟ ਦੀ ਬਰੇਕ ਲੈ ਸਕਦੇ ਹੋ।

*ਨੋਟ: ਉਹ ਕਰਮਚਾਰੀ ਜੋ ਸਿੱਧਾ ਕਿਸੇ ਭਰਤੀ ਕਰਨ ਵਾਲੀ ਸੰਸਥਾ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ, ਉਹ ਤਨਖਾਹ-ਸਹਿਤ ਬਿਮਾਰੀ ਦੀ ਛੁੱਟੀ ਅਤੇ ਸੁਰੱਖਿਆ ਛੁੱਟੀ (ਸੇਫ਼ ਟਾਈਮ) ਸਮੇਤ ਵਾਧੂ ਸਥਾਨਕ ਅਤੇ ਰਾਜ ਦੇ ਕਿਰਤ ਮਾਪਦੰਡਾਂ ਦੇ ਹੱਕਦਾਰ ਹੋ ਸਕਦੇ ਹਨ।
ਕਰਮਚਾਰੀ ਦੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ www.seattle.gov/laborstandards 'ਤੇ ਉਪਲਬਧ ਹੈ।

## ਭੋਜਨ ਖਾਣ ਲਈ ਬਰੇਕ ਲੈਣ ਦਾ ਅਧਿਕਾਰ

ਜਿਸ ਸੰਸਥਾ ਲਈ ਤੁਸੀਂ ਕੰਮ ਕਰਦੇ ਹੋ, ਉੱਥੇ ਹਰ ਪੰਜ ਘੰਟਿਆਂ ਲਈ ਕੰਮ ਕਰਨ 'ਤੇ ਤੁਸੀਂ ਕੰਮ ਦੇ ਪੰਜਵੇਂ ਘੰਟੇ ਦੇ ਅੰਤ ਵਿੱਚ, 30-ਮਿੰਟ ਦੀ ਇੱਕ ਨਿਰਵਿਘਨ ਭੋਜਨ ਬਰੇਕ ਲੈਣ ਦੇ ਹੱਕਦਾਰ ਹੁੰਦੇ ਹੋ।

### ਭੋਜਨ ਬਰੇਕ: ਜੋ ਲਾਗੂ ਹੁੰਦਾ ਹੈ ਉਸਦੀ ਚੋਣ ਕਰੋ

ਤੁਹਾਡੀ ਭੋਜਨ ਬਰੇਕ ਦੌਰਾਨ, ਤੁਸੀਂ ਕੰਮ ਦੀਆਂ ਡਿਊਟੀਆਂ ਤੋਂ ਪੂਰੀ ਤਰ੍ਹਾਂ ਮੁਕਤ ਹੋਵੋਗੇ। ਤੁਹਾਨੂੰ ਤਨਖਾਹ-ਰਹਿਤ ਭੋਜਨ ਬਰੇਕ ਮਿਲੇਗੀ। ਤੁਸੀਂ ਤਨਖਾਹ-ਰਹਿਤ ਭੋਜਨ ਬਰੇਕ ਨੂੰ ਛੱਡ ਸਕਦੇ ਹੋ। ਛੱਡਣ ਦੀਆਂ ਸ਼ਰਤਾਂ ਲਈ ਸਾਈਡ 'ਤੇ ਦਿੱਤਾ ਬਾਕਸ ਦੇਖੋ।

ਤੁਹਾਡੀ ਭੋਜਨ ਬਰੇਕ ਦੌਰਾਨ, ਤੁਹਾਨੂੰ ਕਾਰਜ ਸਥਾਨ 'ਤੇ ਮੌਜੂਦ ਰਹਿਣ ਪਵੇਗਾ ਅਤੇ ਬੁਲਾਏ ਜਾਣ 'ਤੇ ਤੁਹਾਨੂੰ ਕੰਮ 'ਤੇ ਵਾਪਸ ਆਉਣਾ ਪਵੇਗਾ, ਪਰ ਇਸ ਤੋਂ ਇਲਾਵਾ ਤੁਸੀਂ ਕੰਮ ਦੀਆਂ ਡਿਊਟੀਆਂ ਤੋਂ ਮੁਕਤ ਰਹੋਗੇ। ਤੁਹਾਨੂੰ ਤਨਖਾਹ-ਸਹਿਤ ਭੋਜਨ ਬਰੇਕ ਮਿਲੇਗੀ। ਤੁਸੀਂ ਇਸ ਤਨਖਾਹ-ਸਹਿਤ ਭੋਜਨ ਬਰੇਕ ਨੂੰ ਛੱਡ ਨਹੀਂ ਸਕਦੇ।

ਤੁਸੀਂ ਪਰਿਵਾਰ ਦੇ ਕਿਸੇ ਮੈਂਬਰ ਦੀ ਸਿਹਤ ਅਤੇ ਸੁਰੱਖਿਆ ਲਈ ਜ਼ਿੰਮੇਵਾਰ ਹੋ, ਪਰ ਤੁਸੀਂ ਤਨਖਾਹ-ਸਹਿਤ ਭੋਜਨ ਬਰੇਕ ਪ੍ਰਾਪਤ ਕਰਨ ਦੇ ਯੋਗ ਹੋਣੇ ਚਾਹੀਦੇ ਹੋ। ਆਪਣੀਆਂ ਡਿਊਟੀਆਂ ਦੇ ਕਾਰਨ ਤੁਸੀਂ ਜਿਹੜੇ ਦਿਨਾਂ ਵਿੱਚ ਭੋਜਨ ਬਰੇਕ ਨਹੀਂ ਲੈ ਸਕੇ, ਉਹਨਾਂ ਦਿਨਾਂ ਲਈ ਤੁਹਾਨੂੰ 30 ਮਿੰਟ ਦੀ ਵਾਧੂ ਤਨਖਾਹ ਮਿਲਣੀ ਚਾਹੀਦੀ ਹੈ, ਜਾਂ ਹਰ ਖੁੰਝੀ ਹੋਈ ਭੋਜਨ ਬਰੇਕ ਲਈ $_______ ਮਿਲਣੇ ਚਾਹੀਦੇ ਹਨ।

ਤੁਹਾਡੀਆਂ ਡਿਊਟੀਆਂ ਦੇ ਕਾਰਨ, ਤੁਹਾਡੇ ਅਧੀਨ ਕੰਮ ਕਰਨ ਵਾਲੇ ਲੋਕਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਖਤਰੇ ਵਿੱਚ ਪਾਏ ਬਿਨਾਂ ਤੁਹਾਡੇ ਲਈ ਨਿਰਵਿਘਨ ਭੋਜਨ ਬਰੇਕ ਲੈਣਾ ਔਖਾ ਜਾਂ ਅਸੰਭਵ ਹੈ। ਇਸ ਸਥਿਤੀ ਵਿੱਚ ਤੁਹਾਨੂੰ 30 ਮਿੰਟਾਂ ਦੀ ਵਾਧੂ ਤਨਖਾਹ ਮਿਲੇਗੀ, ਜਾਂ ਹਰ ਪੰਜ ਘੰਟੇ ਕੰਮ ਕਰਨ ਦੇ $______ ਮਿਲਣਗੇ।

**ਭੋਜਨ ਬਰੇਕ ਦੀਆਂ ਸ਼ਰਤਾਂ:**

- ਭੋਜਨ ਬਰੇਕ ਵਿੱਚ ਤੁਹਾਨੂੰ ਆਰਾਮ ਕਰਨ ਅਤੇ ਆਪਣੀ ਇੱਛਾ ਅਨੁਸਾਰ ਆਪਣਾ ਸਮਾਂ ਬਿਤਾਉਣ ਦੀ ਸਹੂਲਤ ਮਿਲਣੀ ਚਾਹੀਦੀ ਹੈ।
- ਜੇ ਤੁਹਾਡੀ ਭੋਜਨ ਬਰੇਕ ਵਿੱਚ ਤੁਹਾਡੇ ਰੁਜ਼ਗਾਰਦਾਤਾ ਜਾਂ ਕਿਸੇ ਕੰਮ ਕਾਰਨ ਵਿਘਨ ਪੈ ਜਾਂਦਾ ਹੈ, ਤਾਂ ਫਿਰ ਤੁਸੀਂ ਦੁਬਾਰਾ ਲਗਾਤਾਰ 30-ਮਿੰਟ ਦੀ ਬਰੇਕ ਲੈ ਸਕਦੇ ਹੋ।

**ਭੋਜਨ ਬਰੇਕ ਜਾਂ ਆਰਾਮ ਦਾ ਦਿਨ ਛੱਡਣਾ ਚਾਹੁੰਦੇ ਹੋ?**

- ਬਰੇਕ ਛੱਡਣ ਦਾ ਫੈਂਸਲਾ ਸਵੈਇੱਛਤ ਅਤੇ ਕਰਮਚਾਰੀ ਦੇ ਫਾਇਦੇ ਲਈ ਹੋਣਾ ਚਾਹੀਦਾ ਹੈ।
- ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਕਿਹੜੇ ਅਧਿਕਾਰ ਛੱਡ ਰਹੇ ਹੋ ਅਤੇ ਇਸਦੇ ਕੀ ਨਤੀਜੇ ਹੋਣਗੇ।
- ਤੁਹਾਡੇ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਤੁਸੀਂ ਕਿਸ ਮਿਤੀ(ਆਂ) ਨੂੰ ਬਰੇਕ ਛੱਡ ਰਹੇ ਹੋ।
- ਤੁਸੀਂ ਕਿਸੇ ਵੀ ਸਮੇਂ ਬਰੇਕ ਨੂੰ ਛੱਡਣ ਦਾ ਫੈਂਸਲਾ ਰੱਦ ਕਰ ਸਕਦੇ ਹੋ।

## ਆਰਾਮ ਕਰਨ ਦਾ ਦਿਨ ਲੈਣ ਦਾ ਅਧਿਕਾਰ

ਜੇ ਤੁਸੀਂ ਲਗਾਤਾਰ 6 ਦਿਨ ਕੰਮ ਕਰਦੇ ਹੋ, ਅਤੇ ਆਪਣੇ ਕਾਰਜ ਸਥਾਨ 'ਤੇ ਰਹਿੰਦੇ ਹੋ ਜਾਂ ਸੌਂਦੇ ਹੋ, ਤਾਂ ਤੁਹਾਨੂੰ ਤਨਖਾਹ-ਰਹਿਤ, 24-ਘੰਟੇ ਲਈ ਆਰਾਮ ਕਰਨ ਦਾ ਸਮਾਂ ਲੈਣ ਦਾ ਅਧਿਕਾਰ ਹੈ।

- 24-ਘੰਟੇ ਦੇ ਸਮੇਂ ਵਿੱਚ ਕੀਤਾ ਗਿਆ ਕੋਈ ਵੀ ਕੰਮ, ਕੰਮ ਦੇ ਦਿਨ ਵਜੋਂ ਗਿਣਿਆ ਜਾਂਦਾ ਹੈ।
- ਇਸ 24-ਘੰਟੇ ਦੇ ਆਰਾਮ ਦੇ ਸਮੇਂ ਦੇ ਦੌਰਾਨ ਤੁਸੀਂ ਕੰਮ ਦੀਆਂ ਡਿਊਟੀਆਂ ਤੋਂ ਪੂਰੀ ਤਰ੍ਹਾਂ ਮੁਕਤ ਹੋਵੋਗੇ, ਤੁਹਾਡਾ ਕਾਰਜ ਸਥਾਨ 'ਤੇ ਮੌਜੂਦ ਰਹਿਣਾ ਲਾਜ਼ਮੀ ਨਹੀਂ ਹੋਵੇਗਾ ਅਤੇ ਨਾ ਹੀ ਬੁਲਾਏ ਜਾਣ 'ਤੇ ਕੰਮ 'ਤੇ ਵਾਪਸ ਜਾਣ ਦੀ ਲੋੜ ਹੋਵੇਗੀ।
- ਤੁਸੀਂ ਆਰਾਮ ਦੇ ਦਿਨ ਨੂੰ ਛੱਡ ਸਕਦੇ ਹੋ। ਛੱਡਣ ਦੀਆਂ ਸ਼ਰਤਾਂ ਲਈ ਸਾਈਡ 'ਤੇ ਦਿੱਤਾ ਬਾਕਸ ਦੇਖੋ।

## ਨਿੱਜੀ ਦਸਤਾਵੇਜ਼ਾਂ ਨੂੰ ਰੱਖਣ ਦਾ ਅਧਿਕਾਰ

ਤੁਹਾਡੇ ਕੋਲ ਆਪਣੇ ਅਸਲ ਦਸਤਾਵੇਜ਼ ਅਤੇ ਨਿੱਜੀ ਚੀਜ਼ਾਂ ਰੱਖਣ ਦਾ ਅਧਿਕਾਰ ਹੈ।

## ਜਵਾਬੀ-ਕਾਰਵਾਈ ਦੀ ਮਨਾਹੀ ਹੈ

ਤੁਹਾਨੂੰ ਜਵਾਬੀ-ਕਾਰਵਾਈ ਤੋਂ ਮੁਕਤ ਹੋਣ ਦਾ ਅਧਿਕਾਰ ਹੈ। Seattle Labour Standards (ਸਿਆਟਲ ਲੇਬਰ ਸਟੈਂਡਰਡਸ) ਦੁਆਰਾ ਰੱਖਿਅਤ ਅਧਿਕਾਰਾਂ ਦੀ ਵਰਤੋਂ ਕਰਨ 'ਤੇ, ਭਰਤੀ ਕਰਨ ਵਾਲੀ ਸੰਸਥਾ ਤੁਹਾਡੇ ਖਿਲਾਫ ਕੋਈ ਪ੍ਰਤੀਕੂਲ ਕਾਰਵਾਈ (ਉਦਾਹਰਨ ਦੇ ਲਈ ਨੌਕਰੀ ਤੋਂ ਕੱਢਣਾ, ਪਦਵੀ ਘਟਾਉਣਾ ਅਤੇ ਇਮੀਗ੍ਰੇਸ਼ਨ ਦੀ ਸਥਿਤੀ ਦੀ ਰਿਪੋਰਟ ਕਰਨ ਦੀਆਂ ਧਮਕੀਆਂ ਦੇਣਾ) ਨਹੀਂ ਕਰ ਸਕਦੀ।

### ਸਵਾਲ ਜਾਂ ਸ਼ਿਕਾਇਤਾਂ?

ਸਵਾਲ ਪੁੱਛਣ ਲਈ ਜਾਂ ਕੋਈ ਸ਼ਿਕਾਇਤ ਦਰਜ ਕਰਾਉਣ ਲਈ: **Seattle Office of Labor Standards (ਸਿਐਟਲ ਆਫਿਸ ਆਫ ਲੇਬਰ ਸਟੈਂਡਰਡਜ਼)** ਨੂੰ **(206) 256-5297** ਕਾਲ ਕਰੋ 'ਤੇ ਜਾਂ ਫਿਰ www.seattle.gov/laborstan-dards. 'ਤੇ ਜਾਓ।

ਉਹਨਾਂ ਦੀਆਂ ਸੇਵਾਵਾਂ ਮੁਫ਼ਤ ਹਨ।
ਉਹ ਮੁਫ਼ਤ ਦੁਭਾਸ਼ੀਆ ਸੇਵਾ ਵੀ ਪ੍ਰਦਾਨ ਕਰਵਾਉਣਗੇ।
ਉਹ ਤੁਹਾਨੂੰ ਕਦੇ ਵੀ ਤੁਹਾਡੀ ਇਮੀਗ੍ਰੇਸ਼ਨ ਦੀ ਸਥਿਤੀ ਬਾਰੇ ਨਹੀਂ ਪੁੱਛਣਗੇ।

### ਨਾਗਰਿਕ ਅਧਿਕਾਰਾਂ ਦੀ ਸੁਰੱਖਿਆ

Seattle Fair Employment Practices Law (ਸਿਐਟਲ ਦੇ ਨਿਰਪੱਖ ਰੁਜ਼ਗਾਰ ਅਭਿਆਸ ਕਾਨੂੰਨ) ਦੇ ਤਹਿਤ ਘਰੇਲੂ ਕਰਮਚਾਰੀਆਂ ਕੋਲ ਜਿਨਸੀ ਸ਼ੋਸ਼ਣ, ਜਵਾਬੀ-ਕਾਰਵਾਈ ਅਤੇ ਭੇਦਭਾਵ ਤੋਂ ਮੁਕਤ ਹੋਣ ਦਾ ਅਧਿਕਾਰ ਵੀ ਹੈ।

ਇਸ ਅਧਿਕਾਰ ਬਾਰੇ ਹੋਰ ਜਾਣਕਾਰੀ ਲਈ: **Seattle Office for Civil Rights (ਸਿਐਟਲ ਆਫਿਸ ਫਾਰ ਸਿਵਲ ਰਾਈਟਸ)** ਨਾਲ **(206) 684-4500** 'ਤੇ ਸੰਪਰਕ ਕਰੋ ਜਾਂ ਫਿਰ www.seattle.gov/civilrights. 'ਤੇ ਜਾਓ।